THE PUNJAB STATE BOARD OF TECHNICAL
EDUCATION AND INDUSTRIAL TRAINING
PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ:ਪੀ.ਐਸ.ਬੀ./ਆਈ.ਟੀ./15/2487 ਅਤਿ ਜ਼ਰੂਰੀ/ਸਮਾਂਬੱਧ ਮਿਤੀ: 28/7/2015

ਸੇਵਾ ਵਿਖੇ

ਪ੍ਰਿੰਸੀਪਲ/ਮੁੱਖ ਅਧਿਆਪਕ,
ਸਮੂਹ ਸਰਕਾਰੀ/ਪ੍ਰਾਈਵੇਟ ਆਈ.ਟੀ.ਆਈ./ਆਈ.ਟੀ.ਸੀ. (ਇ:),ਅਤੇ
ਪ੍ਰੀਖਿਆ ਜੁਲਾਈ 2015 ਦੌਰਾਨ ਬਣਾਏ ਗਏ ਸੈਂਟਰ,
ਪੰਜਾਬ ਰਾਜ ਅਧੀਨ।

ਵਿਸ਼ਾ: ਆਈ.ਟੀ.ਆਈ. ਸੰਸਥਾਵਾਂ ਵਿੱਚ ਸੈਸ਼ਨ ਜੁਲਾਈ 2015 ਵਿੱਚ ਕਰਾਫਟਸਮੈਨ ਸਕੀਮ ਅਧੀਨ (SCVT ) ਦੀ ਪ੍ਰੀਖਿਆ ਲੈਣ ਸਬੰਧੀ ਜ਼ਰੂਰੀ ਹਦਾਇਤਾਂ ਜਾਰੀ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ, ਉਦਯੋਗਿਕ ਸਿਖਲਾਈ ਸੰਸਥਾਵਾਂ ਵਿਖੇ NCVT ਅਤੇ SCVT ਦੀ ਪ੍ਰੀਖਿਆ ਮਿਤੀ: 20 ਜੁਲਾਈ 2015 ਤੋਂ ਸ਼ੁਰੂ ਹੋ ਗਈਆਂ ਹਨ। ਇਹ ਦੋਹਵੇਂ ਪ੍ਰੀਖਿਆਵਾਂ ਇਕੋ ਸਮੇਂ ਤੇ ਹੋ ਰਹੀਆਂ ਹਨ। NCVT ਅਤੇ SCVT ਦੀ ਦੋਹਵੇਂ ਪ੍ਰੀਖਿਆਵਾਂ ਲਈ ਵਿੱਚ ਅਪੀਅਰ ਹੋਣ ਵਾਲੇ ਸਿਖਿਆਰਥੀਆਂ ਨੂੰ ਡੀ.ਜੀ.ਈ.ਟੀ. ਨਵੀਂ ਦਿੱਲੀ ਵਲੋ ਜਾਰੀ ਪ੍ਰਸ਼ਨ ਪੱਤਰ ਹੀ ਦਿੱਤੇ ਜਾਣਗੇ।

NCVT ਅਤੇ SCVT ਦੀ ਪ੍ਰੀਖਿਆ ਲਈ OMR ਸ਼ੀਟਾਂ ਵੱਖ ਵੱਖ ਹਨ। ਇਸ ਲਈ ਇਹ ਯਕੀਨੀ ਬਣਾ ਲਿਆ ਜਾਵੇ ਕਿ SCVT ਦੀ OMR ਸ਼ੀਟਾਂ ਪ੍ਰੀਖਿਆ ਉਪਰੰਤ ਵੱਖ ਪੈਕਟਾਂ ਵਿੱਚ ਪੈਕ ਕਰਕੇ ਪੈਕਟ ਦੇ ਉਪਰ SCVT ਲਈ ਦਿੱਤੇ ਗਏ ਪ੍ਰਸ਼ਨ-ਪੱਤਰ ਦੀ ਡੀਟੇਲ (Mentor or old) ਅਤੇ SCVT ਲਿਖ ਕੇ ਬੋਰਡ ਦਫਤਰ ਵਿਖੇ ਭੇਜੀਆਂ ਜਾਣ। ਇਸ ਸਬੰਧ ਵਿੱਚ ਜਿਹੜੀ ਉਦਯੋਗਿਕ ਸਿਖਲਾਈ ਸੰਸਥਾਵਾਂ ਦੇ ਸਿਖਿਆਰਥੀ ਐਸ.ਸੀ.ਵੀ.ਟੀ. ਪ੍ਰੀਖਿਆ ਵਿੱਚ ਅਪੀਅਰ ਹੋ ਰਹੇ ਹਨ, ਉਹ ਸੰਸਥਾਵਾਂ ਦੇ ਪ੍ਰਿੰਸੀਪਲ ਆਪ ਜਾਂ ਕਿਸੇ ਜਿੰਮੇਵਾਰ ਸਟਾਫ ਮੈਂਬਰ ਦੀ ਡਿਊਟੀ ਪ੍ਰੀਖਿਆ ਦੌਰਾਨ ਸੈਂਟਰ ਵਿਖੇ ਲਗਾਉਣਗੇ ਤਾਂ ਜੋ ਪ੍ਰੀਖਿਆ ਸੈਂਟਰ ਵਿਖੇ ਸਿਖਿਆਰਥੀਆਂ ਨੂੰ NCVT ਅਤੇ SCVT ਦੀ OMR ਸ਼ੀਟਾਂ ਵੰਡਦੇ ਹੋਏ ਕਿਸੇ ਤਰ੍ਹਾਂ ਦੀ ਔਕੜ ਪੇਸ਼ ਨਾਂ ਆਵੇ।

ਉਪਰੋਕਤ ਤੋਂ ਇਲਾਵਾ ਪ੍ਰੀਖਿਆ ਦੌਰਾਨ ਦਿੱਤੀਆਂ ਜਾਣ ਵਾਲੀਆਂ OMR ਸ਼ੀਟਾਂ ਦਾ ਰਿਕਾਰਡ ਸੰਸਥਾ ਆਪਣੇ ਪੱਧਰ ਤੇ ਰਜਿਸਟਰੇਸ਼ਨ ਨੰਬਰ, ਸਿਖਿਆਰਥੀ ਦਾ ਨਾਂ, ਸਿਖਿਆਰਥੀ ਨੂੰ ਜਾਰੀ ਕੀਤੀ ਗਈ OMR ਸ਼ੀਟ ਦਾ ਨੰਬਰ ਸੰਸਥਾ ਵਿਖੇ ਰੱਖੇਗੀ। ਪ੍ਰੀਖਿਆ ਸੈਂਟਰ ਵਲੋ ਇਹ ਯਕੀਨੀ ਬਣਾਇਆ ਜਾਵੇ ਕਿ ਸਿਖਿਆਰਥੀ ਵਲੋਂ OMR ਸ਼ੀਟ ਤੇ ਰਜਿਸਟਰੇਸ਼ਨ ਨੰਬਰ ਅਤੇ ਪੇਪਰ ਦੀ ਡੀਟੇਲ ਬਾਰੇ ਸਹੀ ਲਿਖਿਆ ਗਿਆ ਹੈ ਅਤੇ ਉਸ ਅਨੁਸਾਰ ਹੀ ਕਾਲਮ (oval) ਕਾਲੇ ਕੀਤੇ ਗਏ ਹਨ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ ਜੀ।

ਕੰਟਰੋਲਰ ਪ੍ਰੀਖਿਆਵਾਂ
(ਆਈ.ਟੀ.ਆਈ.)